NSW Health (NSW ਸਿਹਤ ਵਿਭਾਗ)

ਮੈਨਿੰਜੋਕੌੱਕਲ ACWY ਦਾ ਟੀਕਾਕਰਨ

ਮਾਪਿਆਂ ਲਈ ਜਾਣਕਾਰੀ ਪੱਤਰ

ਆਸਟ੍ਰੇਲੀਆਈ ਸਰਕਾਰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (NIP) ਦੇ ਤਹਿਤ ਕੁੱਝ ਕੁ ਟੀਕੇ ਮੁਫ਼ਤ ਉਪਲਬਧ ਕਰਵਾਉਂਦੀ ਹੈ।

ਪ੍ਰ: ਮੈਨਿੰਜੋਕੌੱਕਲ ਬਿਮਾਰੀ ਕੀ ਹੁੰਦੀ ਹੈ?

ਮੈਨਿੰਜੋਕੌੱਕਲ ਬਿਮਾਰੀ ਇੱਕ ਦੁਰਲੱਭ ਪਰ ਗੰਭੀਰ ਇਨਫੈਕਸ਼ਨ ਹੈ। ਇਹ ਆਮ ਤੌਰ 'ਤੇ ਮੈਨਿੰਜਾਇਟਿਸ (ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀ ਸੋਜ਼) ਅਤੇ/ਜਾਂ ਸੈਪਸਿਸ (ਖ਼ੂਨ ਦੇ ਜ਼ਹਿਰਵੇਂ ਦੀ ਬਿਮਾਰੀ) ਦਾ ਕਾਰਨ ਬਣਦੀ ਹੈ।

ਇਸ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- **ਅਚਾਨਕ ਤੇਜ਼ ਬੁਖ਼ਾਰ**
- **ਸਿਰ ਦਰਦ**
- **ਗਰਦਨ ਵਿੱਚ ਅਕੜਾਅ**
- **ਜੋੜਾਂ ਦਾ ਦਰਦ**
- **ਲਾਲ-ਜਾਮਣੀ ਰੰਗ ਦੇ ਧੱਫੜ ਜਾਂ ਨਿਸ਼ਾਨ**
- **ਤੇਜ ਰੌਸ਼ਨੀਆਂ ਪ੍ਰਤੀ ਸੰਵੇਦਨਸ਼ੀਲਤਾ**
- **ਜੀ ਕੱਚਾ ਹੋਣਾ ਅਤੇ ਉਲਟੀਆਂ**

ਮੈਨਿੰਜੋਕੌੱਕਲ ਇਨਫੈਕਸ਼ਨਾਂ ਵਿੱਚੋਂ ਲਗਭਗ 10% ਮਾਮਲੇ ਜਾਨਲੇਵਾ ਹੋ ਸਕਦੇ ਹਨ, ਇੱਥੋਂ ਤੱਕ ਕਿ ਢੁੱਕਵਾਂ ਐਂਟੀਬਾਇਓਟਿਕ ਇਲਾਜ ਹੋਣ ਦੇ ਬਾਵਜੂਦ ਵੀ। ਜੋ ਲੋਕ ਬਚ ਜਾਂਦੇ ਹਨ, ਉਹਨਾਂ ਨੂੰ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਪ੍ਰ: ਮੈਨਿੰਜੋਕੌੱਕਲ ਬਿਮਾਰੀ ਕਿਵੇਂ ਫ਼ੈਲਦੀ ਹੈ?

ਮੈਨਿੰਜੋਕੌੱਕਲ ਬੈਕਟੀਰੀਆ ਬੈਕਟੀਰੀਆ ਨੱਕ ਅਤੇ ਗਲੇ ਦੀ ਲਾਰ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਪਹੁੰਚਦੇ ਹਨ। ਇਹ ਆਮ ਤੌਰ 'ਤੇ ਕਿਸੇ ਅਜਿਹੇ ਵਿਅਕਤੀ ਨਾਲ ਨਜ਼ਦੀਕੀ ਅਤੇ ਲੰਬੇ ਸਮੇਂ ਦਾ ਸੰਪਰਕ ਹੋਣ ਨਾਲ ਫ਼ੈਲਦਾ ਹੈ, ਜੋ ਬੈਕਟੀਰੀਆ ਦਾ ਵਾਹਕ ਹੋਣ ਦੇ ਬਾਵਜੂਦ ਪੂਰੀ ਤਰ੍ਹਾਂ ਸਿਹਤਮੰਦ ਹੁੰਦਾ ਹੈ। 'ਨਜ਼ਦੀਕੀ ਅਤੇ ਲੰਬੇ ਸੰਪਰਕ' ਦੀ ਇੱਕ ਉਦਾਹਰਨ ਇੱਕੋ ਘਰ ਵਿੱਚ ਰਹਿਣਾ ਜਾਂ ਲੰਬਾ ਚੁੰਮਣ ਹੈ। ਮੈਨਿੰਜੋਕੌੱਕਲ ਬੈਕਟੀਰੀਆ ਆਸਾਨੀ ਨਾਲ ਨਹੀਂ ਫ਼ੈਲਦੇ ਅਤੇ ਇਹ ਸਰੀਰ ਤੋਂ ਬਾਹਰ ਲੰਬੇ ਸਮੇਂ ਤੱਕ ਜੀਉਂਦੇ ਨਹੀਂ ਰਹਿੰਦੇ।

ਪ੍ਰ: ਵੈਕਸੀਨ ਕਿਵੇਂ ਕੰਮ ਕਰਦੀਆਂ ਹਨ?

ਵੈਕਸੀਨ ਤੁਹਾਡੇ ਰੋਗ-ਪ੍ਰਤੀਰੋਧਕ ਤੰਤਰ (ਇਮਿਊਨ ਸਿਸਟਮ) ਨੂੰ ਇਨਫੈਕਸ਼ਨਾਂ ਨਾਲ ਲੜਨ ਵਿੱਚ ਮੱਦਦ ਕਰਦੀਆਂ ਹਨ। ਜੇਕਰ ਕੋਈ ਵਿਅਕਤੀ ਜੋ ਟੀਕਾਕਰਨ ਕਰਵਾ ਚੁੱਕਾ ਹੈ, ਉਹ ਇਨ੍ਹਾਂ ਇਨਫੈਕਸ਼ਨਾਂ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਉਹਨਾਂ ਦਾ ਰੋਗ-ਪ੍ਰਤੀਰੋਧਕ ਤੰਤਰ ਇਸ ਨਾਲ ਬਿਹਤਰ ਢੰਗ ਨਾਲ ਲੜ ਸਕਦਾ ਹੈ – ਜਾਂ ਤਾਂ ਬਿਮਾਰੀ ਹੋਣ ਤੋਂ ਰੋਕ ਸਕਦਾ ਹੈ ਜਾਂ ਇਸਨੂੰ ਘੱਟ ਗੰਭੀਰ ਬਣਾ ਸਕਦਾ ਹੈ।

ਪ੍ਰ: ਮੈਨਿੰਜੋਕੌੱਕਲ ACWY ਵੈਕਸੀਨ ਕਿੰਨੀ ਕੁ ਪ੍ਰਭਾਵਸ਼ਾਲੀ ਹੈ?

ਮੈਨਿੰਜੋਕੌੱਕਲ ACWY ਵੈਕਸੀਨ ਦੀ ਇੱਕ ਖ਼ੁਰਾਕ ਮੈਨਿੰਜੋਕੌੱਕਲ ਬਿਮਾਰੀ ਦੀਆਂ ਚਾਰ ਕਿਸਮਾਂ (A, C, W ਅਤੇ Y ਕਿਸਮਾਂ) ਦੇ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਹੈ। ਇਹ ਕਿਸਮ ਬੀ ਦੀ ਬਿਮਾਰੀ ਤੋਂ ਬਚਾਅ ਨਹੀਂ ਕਰਦੀ ਹੈ।

ਪ੍ਰ: ਇਹ ਵੈਕਸੀਨ ਕਿਸ ਨੂੰ ਲਗਵਾਉਣੀ ਚਾਹੀਦੀ ਹੈ?

ਸੈਕੰਡਰੀ ਸਕੂਲਾਂ ਦੇ 10 ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਅਤੇ/ਜਾਂ 15 ਤੋਂ 19 ਸਾਲ ਦੀ ਉਮਰ ਵਾਲੇ ਲੋਕਾਂ ਨੂੰ ਇਹ ਵੈਕਸੀਨ ਲਗਵਾਉਣੀ ਚਾਹੀਦੀ ਹੈ, ਤਾਂ ਜੋ ਉਹ ਮੈਨਿੰਜੋਕੌੱਕਲ ਦੀਆਂ A, C, W ਅਤੇ Y ਕਿਸਮਾਂ ਤੋਂ ਸੁਰੱਖਿਅਤ ਰਹਿ ਸਕਣ।

ਪ੍ਰ: ਇਹ ਵੈਕਸੀਨ ਕਿਸਨੂੰ ਨਹੀਂ ਲਗਵਾਉਣੀ ਚਾਹੀਦੀ ਹੈ?

ਮੈਨਿੰਜੋਕੌੱਕਲ ACWY ਵੈਕਸੀਨ ਉਹਨਾਂ ਲੋਕਾਂ ਨੂੰ ਨਹੀਂ ਲਗਾਈ ਜਾਣੀ ਚਾਹੀਦੀ:

- **ਜੋ ਗਰਭਵਤੀ ਹਨ ਜਾਂ ਹੋ ਸਕਦੇ ਹਨ**
- **ਜੋ ਮੈਨਿੰਜੋਕੌੱਕਲ ਵੈਕਸੀਨ ਦੀ ਪਿਛਲੀ ਖ਼ੁਰਾਕ ਤੋਂ ਬਾਅਦ ਐਨਾਫਿਲੈਕਸਿਸ (ਭਿਆਨਕ ਐਲਰਜਿਕ ਰਿਐਕਸ਼ਨ) ਦਾ ਸ਼ਿਕਾਰ ਹੋ ਚੁੱਕੇ ਹੋਣ**
- **ਜਿਨ੍ਹਾਂ ਨੂੰ ਵੈਕਸੀਨ ਵਿੱਚ ਮੌਜੂਦ ਕਿਸੇ ਵੀ ਤੱਤ ਤੋਂ ਐਨਾਫਿਲੈਕਸਿਸ ਹੋਇਆ ਹੋਵੇ**
- **ਜਿਨ੍ਹਾਂ ਨੂੰ ਟੈਟਨਸ ਟੌਕਸਾਈਡ (tetanus toxoid) ਪ੍ਰਤੀ ਅਤਿ-ਸੰਵੇਦਨਸ਼ੀਲਤਾ (hypersensitivity) ਹੋਵੇ।**

ਪ੍ਰ: ਐਨਾਫਿਲੈਕਸਿਸ ਕੀ ਹੁੰਦਾ ਹੈ?

ਐਨਾਫਿਲੈਕਸਿਸ ਇੱਕ ਗੰਭੀਰ ਐਲਰਜੀ ਹੈ ਜਿਸਦਾ ਜੇਕਰ ਤੁਰੰਤ ਇਲਾਜ ਨਾ ਹੋਵੇ ਤਾਂ ਬੇਹੋਸ਼ੀ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ। ਟੀਕਾਕਰਨ ਤੋਂ ਬਾਅਦ ਇਹ ਬਹੁਤ ਹੀ ਘੱਟ ਹੁੰਦਾ ਹੈ। ਟੀਕਾਕਰਨ ਪ੍ਰਦਾਤਾਵਾਂ ਨੂੰ ਐਨਾਫਿਲੈਕਸਿਸ ਦਾ ਇਲਾਜ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਪ੍ਰ: ਵੈਕਸੀਨਾਂ ਕਿੰਨ੍ਹੀਆਂ ਕੁ ਸੁਰੱਖਿਅਤ ਹਨ?

ਆਸਟ੍ਰੇਲੀਆ ਵਿੱਚ ਵੈਕਸੀਨ ਬਹੁਤ ਸੁਰੱਖਿਅਤ ਹਨ। ਇਨ੍ਹਾਂ ਨੂੰ ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਵੱਲੋਂ ਮੰਨਜ਼ੂਰੀ ਮਿਲਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਜਾਂਚਾਂ ਵਿੱਚੋਂ ਲੰਘਣਾ ਪੈਂਦਾ ਹੈ। TGA ਵੈਕਸੀਨ ਦੀ ਵਰਤੋਂ ਹੋਣ ਤੋਂ ਬਾਅਦ ਵੀ ਉਨ੍ਹਾਂ 'ਤੇ ਨਜ਼ਰ ਰੱਖਦਾ ਹੈ।

ਪ੍ਰ: ਮੈਨਿੰਜੋਕੌੱਕਲ ACWY ਵੈਕਸੀਨ ਵਿੱਚ ਕੀ ਹੁੰਦਾ ਹੈ?

ਇਸ ਵੈਕਸੀਨ ਵਿੱਚ ਟ੍ਰੋਮੇਟਾਮੋਲ (trometamol), ਸੁਕਰੋਜ਼ (sucrose), ਸੋਡੀਅਮ ਕਲੋਰਾਈਡ (sodium chloride), ਸੋਡੀਅਮ ਐਸੀਟੇਟ (sodium acetate) ਅਤੇ ਪਾਣੀ ਹੋ ਸਕਦਾ ਹੈ। ਇਹ ਸਮੱਗਰੀ ਬਹੁਤ ਘੱਟ ਮਾਤਰਾ ਵਿੱਚ ਮਿਲਾਈ ਜਾਂਦੀ ਹੈ ਤਾਂ ਜੋ ਇਸ ਵੈਕਸੀਨ ਨੂੰ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਬਣਾਇਆ ਜਾ ਸਕੇ।

ਪ੍ਰ: ਕੀ ਮੇਰੇ ਬੱਚੇ ਨੂੰ ਪਹਿਲਾਂ ਹੀ ਮੈਨਿੰਜੋਕੌੱਕਲ ACWY ਵੈਕਸੀਨ ਦਾ ਟੀਕਾ ਨਹੀਂ ਲੱਗ ਚੁੱਕਾ ਹੈ? ਕੀ ਇਸਨੂੰ ਦੁਬਾਰਾ ਲਗਵਾਉਣਾ ਸੁਰੱਖਿਅਤ ਹੈ?

ਜੁਲਾਈ 2018 ਤੋਂ 12 ਮਹੀਨਿਆਂ ਦੀ ਉਮਰ ਦੇ ਬੱਚਿਆਂ ਨੂੰ ਮੈਨਿੰਜੋਕੌੱਕਲ ACWY ਟੀਕਾ ਲਗਾਇਆ ਜਾ ਰਿਹਾ ਹੈ। ਸ਼ਾਇਦ ਤੁਹਾਡੇ ਬੱਚੇ ਨੂੰ ਪਹਿਲਾਂ ਮੈਨਿੰਜੋਕੌੱਕਲ C ਦਾ ਟੀਕਾ ਲੱਗ ਚੁੱਕਾ ਹੋਵੇ। ਉਹ ਟੀਕਾ ਸਿਰਫ਼ ਮੈਨਿੰਜੋਕੌੱਕਲ C ਬਿਮਾਰੀ ਤੋਂ ਬਚਾਉਂਦਾ ਹੈ।

ਕੁੱਝ ਦੇਸ਼ਾਂ ਵਿੱਚ, ਕਿਸ਼ੋਰਾਂ ਲਈ ਇੱਕ ਬੂਸਟਰ ਸ਼ਾਟ ਲਗਵਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇਹ ACWY ਟੀਕਾ ਮੈਨਿੰਜੋਕੌੱਕਲ C ਦੇ ਨਾਲ-ਨਾਲ A, W, ਅਤੇ Y ਕਿਸਮਾਂ ਤੋਂ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ।

ਕੁੱਝ ਖ਼ਾਸ ਸਿਹਤ ਸੰਬੰਧੀ ਸਮੱਸਿਆਵਾਂ (ਜਿਵੇਂ ਕਿ ਤਿੱਲੀ ਦਾ ਨਾ ਹੋਣਾ ਜਾਂ ਰੋਗ-ਪ੍ਰਤੀਰੋਧਕ ਤੰਤਰ ਦਾ ਕਮਜ਼ੋਰ ਹੋਣਾ) ਵਾਲੇ ਕਿਸ਼ੋਰ ਇਹ ਟੀਕਾ ਪਹਿਲਾਂ ਹੀ ਲਗਵਾ ਚੁੱਕੇ ਹੋ ਸਕਦੇ ਹਨ। ਜੇਕਰ ਅਜਿਹਾ ਹੈ, ਤਾਂ ਕਿਰਪਾ ਕਰਕੇ ਆਪਣੇ GP ਜਾਂ ਮਾਹਰ ਡਾਕਟਰ ਨਾਲ ਸਲਾਹ ਕਰੋ ਕਿ ਕੀ ਤੁਹਾਡੇ ਬੱਚੇ ਨੂੰ ਇੱਕ ਹੋਰ ਖ਼ੁਰਾਕ ਦੀ ਲੋੜ ਹੈ ਜਾਂ ਨਹੀਂ।

ਪ੍ਰ: ਇਹ ਟੀਕਾ ਹੋਰ ਕਿਸਨੂੰ ਲਗਵਾਉਣਾ ਚਾਹੀਦਾ ਹੈ?

ਇਹ ਟੀਕਾ ਹੇਠ ਲਿਖੇ ਲੋਕਾਂ ਲਈ ਸਿਫਾਰਸ਼ ਕੀਤਾ ਜਾਂਦਾ ਹੈ:

- **ਮੈਨਿੰਜੋਕੌਕਲ ਬਿਮਾਰੀ ਦੇ ਵੱਧ ਜ਼ੋਖਮ ਵਾਲੇ ਖੇਤਰਾਂ ਵਿੱਚ ਯਾਤਰਾ ਕਰਨ ਵਾਲੇ ਲੋਕਾਂ ਲਈ, ਜਿਵੇਂ ਕਿ ਹੱਜ ਯਾਤਰਾ ਵਾਲੇ ਇਲਾਕੇ**
- **ਕੁੱਝ ਵਿਸ਼ੇਸ਼ ਕਿਸਮ ਦੇ ਕਰਮਚਾਰੀਆਂ ਲਈ, ਜਿਵੇਂ ਕਿ ਮਾਈਕ੍ਰੋਬਾਇਓਲੋਜੀ ਲੈਬ ਦੇ ਕਰਮਚਾਰੀ**
- **ਮੈਡੀਕਲ ਸਮੱਸਿਆਵਾਂ ਵਾਲੇ ਲੋਕਾਂ ਲਈ, ਜਿਵੇਂ ਕਿ ਤਿੱਲੀ ਦਾ ਨਾ ਹੋਣਾ।**

ਪ੍ਰ: ਮੈਨਿੰਜੋਕੌਕਲ ACWY ਵੈਕਸੀਨ ਦੇ ਮਾੜੇ ਪ੍ਰਭਾਵ ਕੀ ਹਨ?

ਵੈਕਸੀਨ ਦੇ ਮਾੜੇ ਪ੍ਰਭਾਵ ਆਮ ਤੌਰ 'ਤੇ ਹਲਕੇ ਹੁੰਦੇ ਹਨ। ਇਨ੍ਹਾਂ ਪ੍ਰਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ:

- **ਬੁਖ਼ਾਰ**
- **ਸਿਰ ਦਰਦ**
- **ਚੱਕਰ ਆਉਣਾ**
- **ਜਿਸ ਥਾਂ ਟੀਕਾ ਲਾਇਆ ਗਿਆ ਹੋਵੇ, ਉੱਥੇ ਦਰਦ, ਲਾਲੀ ਜਾਂ, ਸੋਜ਼।**

ਇਹ ਮਾੜੇ ਪ੍ਰਭਾਵ ਆਮ ਤੌਰ 'ਤੇ 2-3 ਦਿਨਾਂ ਦੇ ਵਿੱਚ ਆਪਣੇ ਆਪ ਠੀਕ ਹੋ ਜਾਂਦੇ ਹਨ। ਗੰਭੀਰ ਮਾੜੇ ਪ੍ਰਭਾਵ ਬਹੁਤ ਹੀ ਘੱਟ ਹੁੰਦੇ ਹਨ।

ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ, health.nsw.gov.au/schoolvaccination ਵੈੱਬਸਾਈਟ 'ਤੇ ਜਾਓ ਅਤੇ ਖ਼ਪਤਕਾਰ ਦਵਾਈਆਂ ਦੀ ਜਾਣਕਾਰੀ (Consumer Medicines Information,CMI) ਵੇਖੋ।

ਜੇਕਰ ਤੁਸੀਂ ਮਾੜੇ ਪ੍ਰਭਾਵਾਂ ਬਾਰੇ ਚਿੰਤਤ ਹੋ, ਤਾਂ ਆਪਣੇ GP ਨਾਲ ਸੰਪਰਕ ਕਰੋ। ਉਹ ਤੁਹਾਡੀ ਕਿਸੇ ਵੀ ਚਿੰਤਾ ਦੀ ਰਿਪੋਰਟ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਕਰ ਸਕਦੇ ਹਨ।

ਪ੍ਰ: ਮੈਂ ਆਪਣੇ ਬੱਚੇ ਦੇ ਟੀਕਾਕਰਨ ਦਾ ਰਿਕਾਰਡ ਕਿਵੇਂ ਲੈ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੀ ਟੀਕਾਕਰਨ ਜਾਣਕਾਰੀ ਆਸਟ੍ਰੇਲੀਅਨ ਟੀਕਾਕਰਨ ਰਜਿਸਟਰ (AIR) ਵਿੱਚ ਦਰਜ ਕੀਤੀ ਜਾਵੇਗੀ।

ਮਾਪੇ ਆਪਣੇ ਬੱਚੇ ਦੇ ਟੀਕਾਕਰਨ ਸਟੇਟਮੈਂਟ ਦੀ ਇੱਕ ਕਾਪੀ ਉਦੋਂ ਤੱਕ ਪ੍ਰਾਪਤ ਕਰ ਸਕਦੇ ਹਨ ਜਦੋਂ ਤੱਕ ਬੱਚਾ 14 ਸਾਲ ਦਾ ਨਹੀਂ ਹੋ ਜਾਂਦਾ ਹੈ। 14 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣਾ ਟੀਕਾਕਰਨ ਰਿਕਾਰਡ ਆਪ ਪ੍ਰਾਪਤ ਕਰ ਸਕਦੇ ਹਨ। ਤੁਸੀਂ ਇਹ ਰਿਕਾਰਡ ਹੇਠ ਲਿਖੇ ਤਰੀਕਿਆਂ ਨਾਲ ਪ੍ਰਾਪਤ ਕਰ ਸਕਦੇ ਹੋ:

- **my.gov.au 'ਤੇ ਆਪਣੇ ਮੈਡੀਕੇਅਰ ਔਨਲਾਈਨ ਖਾਤੇ ਰਾਹੀਂ**
- **servicesaustralia.gov.au/express-plus-mobile-apps 'ਤੇ ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਕੇ**
- **AIR ਆਮ ਪੁੱਛਗਿੱਛ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।**